15ਵੀਂ ਵਿਧਾਨ ਸਭਾ
ਛੇਵਾਂ ਸਮਾਗਮ

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 1

ਵੀਰਵਾਰ, 13 ਦਸੰਬਰ, 2018

(2.00 ਵਜੇ ਬਾਅਦ ਦੁਪਹਿਰ ਤੋਂ 02.11 ਵਜੇ ਬਾਅਦ ਦੁਪਹਿਰ ਤੱਕ)

**ਅਕਾਲ ਚਲਾਣਿਆਂ ਦਾ ਵਰਣਨ:**

ਮਾਨਯੋਗ ਸਪੀਕਰ ਨੇ ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਣਨ ਕੀਤਾ :-

1. ਸ਼੍ਰੀ ਬਿਸ਼ੰਬਰ ਦਾਸ, ਸਾਬਕਾ ਐਮ.ਐਲ.ਏ;
2. ਸ਼੍ਰੀ ਰਾਮ ਰਤਨ ਚੌਧਰੀ, ਸਾਬਕਾ ਐਮ.ਐਲ.ਏ;
3. ਸ਼੍ਰੀ ਮੇਲਾ ਸਿੰਘ, ਸੁਤੰਤਰਤਾ ਸੰਗਰਾਮੀ;
4. ਸ਼੍ਰੀ ਸੋਹਨ ਸਿੰਘ, ਸੁਤੰਤਰਤਾ ਸੰਗਰਾਮੀ;
5. ਸ਼੍ਰੀ ਸੁਰਜੀਤ ਸਿੰਘ, ਸੁਤੰਤਰਤਾ ਸੰਗਰਾਮੀ;
6. ਸ਼੍ਰੀ ਕੁਲਦੀਪ ਸਿੰਘ ਚਾਂਦਪੁਰੀ, ਬ੍ਰਿਗੇਡੀਅਰ;
7. ਮਹਾਰਾਣੀ ਦੀਪਇੰਦਰ ਕੌਰ ਮਹਿਤਾਬ;
8. ਅੰਮ੍ਰਿਤਸਰ ਵਿਖੇ ਰੇਲ ਦੁਰਘਟਨਾ ਵਿੱਚ ਮਾਰੇ ਗਏ 58 ਵਿਅਕਤੀ; ਅਤੇ
9. ਨਿਰੰਕਾਰੀ ਭਵਨ, ਪਿੰਡ ਅਦਲੀਵਾਲ ਵਿਖੇ ਬੰਬ ਧਮਾਕੇ ਵਿੱਚ ਮਾਰੇ ਗਏ 3 ਵਿਅਕਤੀ।

ਮਾਨਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਮਹਾਨ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਇਨ੍ਹਾਂ ਸ਼ਖਸੀਅਤਾਂ ਤੋਂ ਇਲਾਵਾ ਮਾਨਯੋਗ ਸਪੀਕਰ ਵਲੋਂ ਅੱਜ ਦੇ ਦਿਨ ਹਿੰਦੁਸਤਾਨ ਦੀ ਪਾਰਲੀਮੈਂਟ ਤੇ ਹੋਏ ਹਮਲੇ ਦੌਰਾਨ ਹਿਫਾਜ਼ਤੀ ਦਸਤਿਆਂ ਦੇ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ ਵਲੋਂ ਮੁਲਕ ਦੀਆਂ ਸਰਹੱਦਾਂ ਤੇ ਸ਼ਹੀਦ ਹੋਣ ਵਾਲੇ ਸ਼ਹੀਦਾਂ ਅਤੇ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਪਿਤਾ ਜੀ ਦਾ ਨਾਂ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਲ ਕਰਨ ਲਈ ਕਹੇ ਜਾਣ ਤੇ ਮਾਨਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਵੀ ਸ਼ਰਧਾਂਜਲੀਆਂ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ।

ਮਾਨਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਵਿਛੜੀਆਂ ਸ਼ਖਸੀਅਤਾਂ ਦੇ ਦੁਖੀ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਮੋਨ ਧਾਰਨ ਕੀਤਾ।

ਇਸ ਉਪਰੰਤ ਸਦਨ ਬਿਨਾਂ ਕੋਈ ਹੋਰ ਕੰਮ-ਕਾਰ ਕੀਤਿਆਂ ਸ਼ੁੱਕਰਵਾਰ ਮਿਤੀ 14 ਦਸੰਬਰ, 2018 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ:
13 ਦਸੰਬਰ, 2018

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

13/12
Principal Chief Reporter
Punjab Vidhan Sabha
Chandigrah